# ਜ਼ਿਲ੍ਹਾ ਪ੍ਰੀਸ਼ਦ, ਮਾਨਸਾ

ਭਾਰਤ ਦੀ ਕੁੱਲ ਜਨਸੰਖਿਆ ਦੇ ਮੁਕਾਬਲੇ ਵਧੇਰੇ ਜਨਸੰਖਿਆ ਪੇਂਡੂ ਖੇਤਰ ਨਾਲ ਸੰਬੰਧਿਤ ਹੈ । ਇਹ ਜਨਸੰਖਿਆ ਤਕਰੀਬਨ ਮਾਨਸਾ ਜ਼ਿਲ੍ਹੇ ਵਿੱਚ 80% ਦੇ ਲਗਭਗ ਹੈ । ਪੇਂਡੂ ਲੋਕਾਂ ਨੂੰ ਸਮਾਜਿਕ ਤੌਰ ਅਤੇ ਆਰਥਿਕ ਤੌਰ ਤੇ ਉਚਾ ਚੁੱਕਣ ਲਈ ਸਰਕਾਰ ਵੱਲੋਂ ਬਹੁਤ ਹੀ ਭਲਾਈ ਦੀਆਂ ਸਕੀਮਾਂ ਚਲਾਈਆਂ ਜਾ ਰਹੀਆਂ ਹਨ । ਇਨ੍ਹਾਂ ਸਕੀਮਾਂ ਨੂੰ ਉਸਾਰੂ ਢੰਗ ਨਾਲ ਚਲਾਉਣ ਲਈ ਅਤੇ ਇਨ੍ਹਾਂ ਸਕੀਮਾਂ ਵਿੱਚ ਆਮ ਜਨਤਾ ਨੂੰ ਨੁਮਾਇੰਦਗੀ ਦੇਣ ਲਈ ਭਾਰਤ ਦੇ ਸੰਵਿਧਾਨ ਵਿੱਚ 73ਵੀਂ ਸੋਧ ਕੀਤੀ ਗਈ ਹੈ । ਜਿਸ ਦੇ ਅਧੀਨ ਪੰਚਾਇਤੀ ਰਾਜ ਸੰਸਥਾਵਾਂ ਨੂੰ ਤਿੰਨ ਪੜਾਵਾਂ ਵਿੱਚ ਵੰਡਿਆ ਗਿਆ ਹੈ । ਇਸ ਵਿੱਚ ਜ਼ਿਲ੍ਹਾ ਪ੍ਰੀਸ਼ਦ, ਜ਼ਿਲ੍ਹਾ ਪੱਧਰ, ਪੰਚਾਇਤ ਸੰਮਤੀ ਬਲਾਕ ਪੱਧਰ ਅਤੇ ਪਿੰਡ ਪੱਧਰ ਤੇ ਗਰਾਮ ਪੰਚਾਇਤਾਂ ਦੀ ਸਥਾਪਨਾ ਕੀਤੀ ਗਈ ਹੈ । ਇਹ ਸੰਸਥਾਵਾਂ ਵਿੱਚ ਆਮ ਜਨਤਾ ਦੁਆਰਾ ਹੀ ਚੁਣੇ ਗਏ ਨੁਮਾਇੰਦੇ ਹੁੰਦੇ ਹਨ । ਇਸ ਦੀ ਕੜੀ ਹੇਠ ਹੀ ਜ਼ਿਲ੍ਹਾ ਪ੍ਰੀਸ਼ਦ, ਮਾਨਸਾ ਦੀ ਚੋਣ 2003 ਵਿੱਚ ਹੋਈ ਸੀ । ਇਸ ਸਮੇਂ ਜ਼ਿਲ੍ਹਾ ਪ੍ਰੀਸ਼ਦ, ਮਾਨਸਾ ਦੇ 10 ਮੈਂਬਰ ਸਿੱਧੀ ਚੋਣ ਦੁਆਰਾ, 5 ਮੈਂਬਰ ਪੰਚਾਇਤ ਸੰਮਤੀਆਂ ਦੇ ਚੇਅਰਮੈਨ ਅਤੇ 3 ਐਮ.ਐਲ.ਏਜ਼ ਜ਼ਿਲ੍ਹਾ ਪ੍ਰੀਸ਼ਦ, ਮਾਨਸਾ ਦੇ ਮੈਂਬਰ ਹਨ । ਜ਼ਿਲ੍ਹਾ ਪ੍ਰੀਸ਼ਦ ਜ਼ਿਲ੍ਹਾ ਪੱਧਰ ਤੇ ਪੇਂਡੂ ਲੋਕਾਂ ਦੀਆਂ ਸਮੱਸਿਆਵਾਂ ਹੱਲ ਕਰਨ ਲਈ ਉਪਰਾਲੇ ਕਰਦੀ ਹੈ । ਇਸ ਸਮੇਂ ਜ਼ਿਲ੍ਹਾ ਪ੍ਰੀਸ਼ਦ ਦੇ ਅਧੀਨ 5 ਪੰਚਾਇਤ ਸੰਮਤੀਆਂ ਅਤੇ 242 ਗਰਾਮ ਪੰਚਾਇਤਾਂ ਕੰਮ ਕਰ ਰਹੀਆਂ ਹਨ । ਪੰਜਾਬ ਸਰਕਾਰ ਵੱਲੋਂ ਪਿੱਛੇ ਜਿਹੇ ਹੀ 6 ਹੋਰ ਵਿਭਾਗਾਂ ਦਾ ਕੰਮ ਪੰਚਾਇਤੀ ਰਾਜ ਸੰਸਥਾਵਾਂ ਨੂੰ ਸੌਂਪਿਆ ਗਿਆ ਹੈ । ਜਿਸ ਕਾਰਨ ਇਨ੍ਹਾਂ ਸੰਸਥਾਵਾਂ ਦੀ ਲੋਕਪ੍ਰਿਅਤਾ ਹੋਰ ਵੱਧ ਹੋ ਗਈ ਹੈ । ਇਸ ਸਮੇਂ ਪੰਚਾਇਤੀ ਰਾਜ ਸੰਸਥਾਵਾਂ ਵੱਲੋਂ ਪੇਂਡੂ ਲੋਕਾਂ ਦੀ ਭਲਾਈ ਲਈ ਸਰਕਾਰ ਦੀ ਰਹਿਨੁਮਾਈ ਹੇਠ, ਹੇਠ ਲਿਖੀਆਂ ਲੋਕ ਭਲਾਈ ਦੀਆਂ ਸਕੀਮਾਂ ਚਲਾਈਆਂ ਜਾ ਰਹੀਆਂ ਹਨ ।

## *ਸੰਪੂਰਨ ਗਰਾਮੀਣ ਰੋਜ਼ਗਾਰ ਯੋਜਨਾਂ :-*

ਇਸ ਸਕੀਮ ਅਧੀਨ ਭਾਰਤ ਸਰਕਾਰ ਵੱਲੋਂ ਫੰਡ ਜ਼ਿਲ੍ਹਾ ਪ੍ਰੀਸ਼ਦਾਂ ਨੂੰ ਦੋ ਕਿਸ਼ਤਾਂ ਵਿੱਚ ਕੇਂਦਰ ਸਰਕਾਰ ਵੱਲੋਂ 75% ਅਤੇ 25% ਰਾਜ ਸਰਕਾਰ ਵੱਲੋਂ ਦਿੱਤੇ ਜਾਂਦੇ ਹਨ । ਇਨ੍ਹਾਂ ਕੁੱਲ ਫੰਡਾਂ ਦਾ 50% ਜ਼ਿਲ੍ਹਾ ਪ੍ਰੀਸ਼ਦ ਵੱਲੋਂ ਗਰਾਮ ਪੰਚਇਤਾਂ ਨੂੰ ਸਿੱਧੇ ਤੌਰ ਤੇ ਆਬਾਦੀ ਦੇ ਅਧਾਰ ਤੇ ਦਿੱਤਾ ਜਾਂਦਾ ਹੈ । 30% ਹਿੱਸਾ ਪੰਚਾਇਤ ਸੰਮਤੀਆਂ ਨੂੰ ਆਬਾਦੀ ਦੇ ਅਧਾਰ ਤੇ ਅਤੇ 20% ਜ਼ਿਲ੍ਹਾ ਪ੍ਰੀਸ਼ਦ ਵੱਲੋਂ ਗਰਾਮ ਪੰਚਾਇਤਾਂ ਨੂੰ ਸਿੱਧੇ ਤੌਰ ਤੇ ਵਿਕਾਸ ਕੰਮਾਂ ਲਈ ਜਾਰੀ ਕੀਤਾ ਜਾਂਦਾ ਹੈ । ਇਸ ਸਕੀਮ ਅਧੀਨ ਹੀ ਭਾਰਤ ਸਰਕਾਰ ਵੱਲੋਂ ਮਜ਼ਦੂਰਾਂ ਨੂੰ ਮਜ਼ਦੂਰੀ ਦੇ ਰੂਪ ਵਿੱਚ ਦੇਣ ਲਈ ਕਣਕ ਸਸਤੇ ਰੇਟ ਤੇ ਮੁਹੱਈਆ ਕਰਵਾਈ ਜਾਂਦੀ ਹੈ ਤਾਂ ਕਿ ਕੋਈ ਵੀ ਵਿਅਕਤੀ ਭੁੱਖੇ ਢਿੱਡ ਨਾ ਸੌਂ ਸਕੇ । ਇਸ ਕਣਕ ਨਾਲ ਜਿੱਥੇ ਵਿਕਾਸ ਕੰਮਾਂ ਦੀ ਮਾਤਰਾ ਵਧਦੀ ਹੈ ਉਥੇ ਮਜ਼ਦੂਰਾਂ ਨੂੰ ਸਸਤੇ ਰੇਟ ਤੇ ਅਨਾਜ ਮੁਹੱਈਆ ਹੋ ਜਾਂਦਾ ਹੈ । ਇਸ ਨਾਲ ਦੋਹਰਾ ਫਾਇਦਾ ਹੋ ਰਿਹਾ ਹੈ ।

## 2. *ਇੰਦਰਾ ਅਵਾਸ ਯੋਜਨਾ :-*

ਇਹ ਸਕੀਮ ਕੇਂਦਰ ਸਰਕਾਰ ਦੀ ਨਿਗਰਾਨੀ ਹੇਠ ਜ਼ਿਲ੍ਹਾ ਪ੍ਰੀਸ਼ਦ ਵੱਲੋਂ ਚਲਾਈ ਜਾ ਰਹੀ ਹੈ । ਇਸ ਸਕੀਮ ਅਧੀਨ ਭਾਰਤ ਸਰਕਾਰ ਦਾ ਨਿਸ਼ਾਨਾ ਹੈ ਕਿ ਕੋਈ ਵੀ ਪੇਂਡੂ ਵਿਅਕਤੀ ਬਿਨਾਂ ਛੱਤ ਤੋਂ ਆਪਣਾ ਜੀਵਨ ਬਤੀਤ ਨਾ ਕਰੇ ।

ਭਾਵ ਕਿ ਹਰ ਇੱਕ ਇਨਸਾਨ ਨੂੰ ਕੁਦਰਤੀ ਆਫ਼ਤਾਂ ਦਾ ਸਾਹਮਣਾ ਕਰਨ ਲਈ ਮਕਾਨ ਹੋਣਾ ਜ਼ਰੂਰੀ ਹੈ। ਇਸ ਦੇ ਅਧੀਨ ਇਹ ਸਕੀਮ ਭਾਰਤ ਸਰਕਾਰ ਵੱਲੋਂ ਚਲਾਈ ਜਾ ਰਹੀ ਹੈ। ਇਸ ਸਕੀਮ ਅਧੀਨ 75% ਰਕਮ ਕੇਂਦਰ ਸਰਕਾਰ ਅਤੇ 25% ਰਕਮ ਰਾਜ ਸਰਕਾਰ ਵੱਲੋਂ ਜ਼ਿਲ੍ਹਾ ਪ੍ਰੀਸ਼ਦ ਵੱਲੋਂ ਆਪਣੀ ਮੀਟਿੰਗ ਦੌਰਾਨ ਕਰਕੇ ਇਹ ਘਰਾਂ ਦੀ ਵੰਡ ਕੀਤੀ ਜਾ ਰਹੀ ਹੈ। ਇਸ ਸਕੀਮ ਅਧੀਨ ਨਵਾਂ ਘਰ ਬਣਾਉਣ ਲਈ 25000/- ਰੁ: ਅਤੇ ਘਰ ਦੀ ਮੁਰੰਮਤ ਕਰਨ ਲਈ 12500/- ਰੁ: ਦੀ ਗਰਾਂਟ ਦੇ ਰੂਪ ਵਿੱਚ ਵਿਅਕਤੀ ਦੀ ਮੱਦਦ ਕੀਤੀ ਜਾਂਦੀ ਹੈ ਇਹ ਗਰਾਂਟ ਲਾਭਪਾਤਰ ਨੂੰ ਗਰਾਮ ਪੰਚਾਇਤਾਂ ਰਾਹੀਂ 2 ਕਿਸ਼ਤਾਂ ਵਿੱਚ ਮੁਹੱਈਆ ਕਰਵਾਈ ਜਾ ਰਹੀ ਹੈ। ਇਸ ਸਕੀਮ ਅਧੀਨ ਲਾਭਪਾਤਰਾਂ ਵੱਲੋਂ 180 ਵਰਗ ਫੁੱਟ ਦਾ ਏਰੀਆ ਛੱਤਣਾ ਹੁੰਦਾ ਹੈ। ਇਸ ਸਕੀਮ ਜ਼ਿਲ੍ਹਾ ਮਾਨਸਾ ਵਿੱਚ ਸਫ਼ਲਤਾ ਪੂਰਵਕ ਚੱਲ ਰਹੀ ਹੈ।

## 3. *ਪ੍ਰਧਾਨ ਮੰਤਰੀ ਗਰਾਮਦੋਯਾ ਯੋਜਨਾ (ਗਰਾਮੀਣ ਅਵਾਸ)*

ਇਹ ਸਕੀਮ ਕੇਂਦਰ ਸਰਕਾਰ ਦੀ ਨਿਗਰਾਨੀ ਹੇਠ ਜ਼ਿਲ੍ਹਾ ਪ੍ਰੀਸ਼ਦ ਵੱਲੋਂ ਚਲਾਈ ਜਾ ਰਹੀ ਹੈ। ਇਸ ਸਕੀਮ ਅਧੀਨ ਭਾਰਤ ਸਰਕਾਰ ਦਾ ਨਿਸ਼ਾਨਾ ਹੈ ਕਿ ਕੋਈ ਵੀ ਪੇਂਡੂ ਵਿਅਕਤੀ ਬਿਨਾਂ ਛੱਤ ਤੋਂ ਆਪਣਾ ਜੀਵਨ ਬਤੀਤ ਨਾ ਕਰੇ। ਭਾਵ ਕਿ ਹਰ ਇੱਕ ਇਨਸਾਨ ਨੂੰ ਕੁਦਰਤੀ ਆਫ਼ਤਾਂ ਦਾ ਸਾਹਮਣਾ ਕਰਨ ਲਈ ਮਕਾਨ ਹੋਣਾ ਜ਼ਰੂਰੀ ਹੈ। ਇਸ ਦੇ ਅਧੀਨ ਇਹ ਸਕੀਮ ਭਾਰਤ ਸਰਕਾਰ ਵੱਲੋਂ ਚਲਾਈ ਜਾ ਰਹੀ ਹੈ। ਇਸ ਸਕੀਮ ਅਧੀਨ 100% ਰਕਮ ਕੇਂਦਰ ਸਰਕਾਰ ਵੱਲੋਂ ਜ਼ਿਲ੍ਹਾ ਪ੍ਰੀਸ਼ਦ ਨੂੰ ਰਾਜ ਸਰਕਾਰ ਰਾਹੀਂ ਰਲੀਜ਼ ਕੀਤੀ ਜਾਂਦੀ ਹੈ। ਇਸ ਸਕੀਮ ਅਧੀਨ ਪਿੰਡਾਂ ਦੀ ਚੋਣ ਜ਼ਿਲ੍ਹਾ ਪ੍ਰੀਸ਼ਦ ਵੱਲੋਂ ਆਪਣੀ ਮੀਟਿੰਗ ਦੌਰਾਨ ਕਰਕੇ ਇਹ ਘਰਾਂ ਦੀ ਵੰਡ ਕੀਤੀ ਜਾ ਰਹੀ ਹੈ। ਇਸ ਸਕੀਮ ਅਧੀਨ ਨਵਾਂ ਘਰ ਬਣਾਉਣ ਲਈ 25000/- ਰੁ: ਅਤੇ ਘਰ ਦੀ ਮੁਰੰਮਤ ਕਰਨ ਲਈ 12500/- ਰੁ: ਦੀ ਗਰਾਂਟ ਦੇ ਰੂਪ ਵਿੱਚ ਵਿਅਕਤੀ ਦੀ ਮੱਦਦ ਕੀਤੀ ਜਾਂਦੀ ਹੈ। ਇਹ ਗਰਾਂਟ ਲਾਭਪਾਤਰਾਂ ਨੂੰ ਗਰਾਮ ਪੰਚਾਇਤ ਰਾਹੀਂ 2 ਕਿਸ਼ਤਾਂ ਵਿੱਚ ਮੁਹੱਈਆ ਕਰਵਾਈ ਜਾ ਰਹੀ ਹੈ। ਇਸ ਸਕੀਮ ਅਧੀਨ ਲਾਭਪਾਤਰਾਂ ਵੱਲੋਂ 180 ਵਰਗ ਫੁੱਟ ਦਾ ਏਰੀਆ ਛੱਤਣਾ ਹੁੰਦਾ ਹੈ। ਇਹ ਸਕੀਮ ਜ਼ਿਲ੍ਹਾ ਮਾਨਸਾ ਵਿੱਚ ਸਫ਼ਲਤਾ ਪੂਰਵਕ ਚੱਲ ਰਹੀ ਹੈ।

## 4. *ਪ੍ਰਧਾਨ ਮੰਤਰੀ ਗਰਾਮਦੋਯਾ ਯੋਜਨਾ (ਨਿਊਟਰੇਸ਼ਨ)*

ਇਹ ਸਕੀਮ ਮਾਨਯੋਗ ਸੁਪਰੀਮ ਕੋਰਟ ਦੇ ਆਦੇਸ਼ਾਂ ਅਨੁਸਾਰ ਭਾਰਤ ਸਰਕਾਰ ਵੱਲੋਂ ਪਿੰਡਾਂ ਵਿੱਚ ਆਂਗਨਵਾੜੀ ਸੈਂਟਰਾਂ ਵਿੱਚ ਛੋਟੇ ਛੋਟੇ ਬੱਚਿਆਂ ਅਤੇ ਮਾਵਾਂ ਨੂੰ ਵਧੀਆ ਖੁਰਾਕ ਮੁਹੱਈਆ ਕਰਾਉਣ ਦੇ ਮੰਤਵ ਨਾਲ ਸਾਲ 2004-05 ਤੋਂ ਹੀ ਸ਼ੁਰੂ ਕੀਤੀ ਗਈ ਹੈ। ਇਸ ਸਕੀਮ ਅਧੀਨ ਜ਼ਿਲ੍ਹਾ ਪ੍ਰੀਸ਼ਦ ਨੂੰ ਫੰਡ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ, ਰਾਹੀਂ ਪ੍ਰਾਪਤ ਹੁੰਦੇ ਹਨ ਅਤੇ ਜ਼ਿਲ੍ਹਾ ਪ੍ਰੀਸ਼ਦ ਵੱਲੋਂ ਬਾਲ ਵਿਕਾਸ ਅਤੇ ਪ੍ਰੋਜੈਕਟ ਅਫ਼ਸਰਾਂ ਰਾਹੀਂ ਇਹ ਸਮੱਗਰੀ ਖਰੀਦ ਕਰਕੇ ਸੈਂਟਰਾਂ ਵਿੱਚ ਪਹੁੰਚਾਈ ਜਾ ਰਹੀ ਹੈ। ਜਿਸ ਨਾਲ ਪੇਂਡੂ ਬੱਚਿਆਂ ਮਾਵਾਂ ਅਤੇ ਗਰਭਵਤੀ ਮਾਵਾ ਨੂੰ ਵਧੀਆ ਖੁਰਾਕ ਮੁਹੱਈਆ ਕੀਤੀ ਜਾਂਦੀ ਹੈ ਤਾਂ ਜੋ ਉਹ ਸਰੀਰਕ ਤੌਰ ਤੇ ਤੰਦਰੁਸਤ ਰਹਿ ਸਕਣ।